# Directorate of Education, GNCT of Delhi

## Practice Paper (Mid-Term)

Session : 2025-2026

Class : X

Subject : Punjabi (004)

Duration : 3 hrs　　　　Maximum Marks : 80

### ਆਮ ਨਿਰਦੇਸ਼

- ਸਾਰੇ ਪ੍ਰਸ਼ਨ ਲਾਜ਼ਮੀ ਹਨ। ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸਨੂੰ ਧਿਆਨ ਨਾਲ ਦੇਖ ਕੇ ਹੱਲ ਕੀਤਾ ਜਾਵੇ।
- ਬਹੁ-ਵਿਕਲਪੀ ਉੱਤਰਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਲਿਖਦੇ ਸਮੇਂ ਵਿਕਲਪ ਨੰਬਰ ਦੇ ਨਾਲ-ਨਾਲ ਉੱਤਰ ਵੀ ਲਿਖਿਆ ਜਾਵੇ।
- ਉੱਤਰਾਂ ਨੂੰ ਧਿਆਨ ਨਾਲ ਲਿਖ ਕੇ ਉੱਤਰ-ਸ਼ੀਟ 'ਤੇ ਦਰਜ ਕੀਤਾ ਜਾਵੇ।

| ਪ੍ਰਸ਼ਨ | ਭਾਗ - ੳ (ਪੜ੍ਹਨ ਕੌਸ਼ਲ) | ਅੰਕ |
|---|---|---|
| 1. | ਮਿਹਨਤ-ਮਜ਼ਦੂਰੀ ਕਰਨੀ ਸਾਡੇ ਜੀਵਨ ਦੀਆਂ ਮੁੱਖ ਲੋੜਾਂ ਵਿੱਚੋਂ ਇੱਕ ਹੈ। ਆਪ ਮਿਹਨਤ ਕਰਕੇ ਉਸ ਤੋਂ ਪ੍ਰਾਪਤ ਕੀਤੀ ਰੋਟੀ ਖਾਣ ਦਾ ਸੁਆਦ ਹੀ ਕੁਝ ਹੋਰ ਹੁੰਦਾ ਹੈ। ਇਸ ਤਰ੍ਹਾਂ ਮਿਹਨਤ ਕਰਨ ਨਾਲ ਮਨੁੱਖ ਨੂੰ ਮਾਨਸਿਕ ਤੌਰ ਤੇ ਸਕੂਨ | 6X1=6 |

ਅਤੇ ਤਸੱਲੀ ਮਿਲਦੀ ਹੈ ਅਤੇ ਆਤਮਿਕ ਤੌਰ ਤੇ ਉਸਨੂੰ ਅਜਿਹੀ ਸ਼ਾਂਤੀ ਪ੍ਰਾਪਤ ਹੁੰਦੀ ਹੈ ਜਿਸਨੂੰ ਸ਼ਬਦਾਂ ਵਿੱਚ ਬਿਆਨ ਨਹੀਂ ਕੀਤਾ ਜਾ ਸਕਦਾ। ਮਿਹਨਤੀ ਮਨੁੱਖ ਨੂੰ ਕਦੇ ਵੀ ਹਾਰ ਦਾ ਮੂੰਹ ਨਹੀਂ ਵੇਖਣਾ ਪੈਂਦਾ ਸਗੋਂ ਉਸ ਅੰਦਰ ਸਵੈ-ਨਿਰਭਰਤਾ ਦਾ ਅਹਿਸਾਸ ਹੁੰਦਾ ਹੈ ਜੋ ਉਸ ਨੂੰ ਜੀਵਨ ਵਿੱਚ ਅੱਗੇ ਲੈ ਜਾਂਦਾ ਹੈ। ਕੋਈ ਵੀ ਕੰਮ ਛੋਟਾ-ਵੱਡਾ ਨਹੀਂ ਹੁੰਦਾ। ਜੇ ਅਸੀਂ ਇਹ ਸੋਚ ਲਈਏ ਕਿ ਅਸੀਂ ਮਿਹਨਤ ਕਰ ਕੇ ਹੀ ਕੁਝ ਪ੍ਰਾਪਤ ਕਰਨਾ ਹੈ ਤੇ ਅੱਗੇ ਵਧਣਾ ਹੈ ਤਾਂ ਸਾਨੂੰ ਆਪਣੀ ਮੰਜ਼ਿਲ ਤੇ ਪਹੁੰਚਣ ਤੋਂ ਕੋਈ ਵੀ ਰੋਕ ਨਹੀਂ ਸਕਦਾ। ਹਰ ਧਰਮ ਮਨੁੱਖ ਨੂੰ ਮਿਹਨਤ ਕਰਨ ਲਈ ਪ੍ਰੇਰਦਾ ਹੈ। ਗੁਰੂ ਨਾਨਕ ਦੇਵ ਜੀ ਵੀ ਦਸਾਂ ਨਹੁੰਆਂ ਦੀ ਕਿਰਤ ਕਰਦੇ ਸਨ ਅਤੇ ਸਾਨੂੰ ਵੀ ਦਸਾਂ ਨਹੁੰਆਂ ਦੀ ਕਿਰਤ ਭਾਵ ਮਿਹਨਤ ਕਰ ਕੇ ਅਤੇ ਵੰਡ ਕੇ ਛਕਣ ਦਾ ਉਪਦੇਸ਼ ਦਿੰਦੇ ਸਨ। ਇਹ ਸਾਧਾਰਨ ਜਿਹੀ ਗੱਲ ਹੈ ਕਿ ਜਿਹੜੇ ਬੱਚੇ ਦਿਨ-ਰਾਤ ਪੜ੍ਹਾਈ ਕਰਦੇ ਹਨ ਉਹੀ ਪਰੀਖਿਆ ਵਿੱਚ ਅੱਵਲ ਆਉਂਦੇ ਹਨ। ਮਿਹਨਤ ਮਨੁੱਖ ਨੂੰ ਸਰੀਰਕ ਅਤੇ ਮਾਨਸਿਕ ਤੌਰ ਤੇ ਤੰਦਰੁਸਤ ਰੱਖਦੀ ਹੈ। ਦੁਨੀਆਂ ਵਿੱਚ ਪਸ਼ੂ-ਪੰਛੀ, ਜੀਵ ਜੰਤੂ ਸਭ ਮਿਹਨਤ ਕਰਕੇ ਹੀ ਪੇਟ ਭਰਦੇ ਹਨ। ਮਨੁੱਖ ਦੀ ਮਿਹਨਤ ਦਾ ਸਿੱਟਾ ਹੈ ਕਿ ਸਾਡਾ ਦੇਸ਼ ਹੀ ਨਹੀਂ ਪੂਰੀ ਦੁਨੀਆਂ ਹੀ ਤਰੱਕੀ ਦੀ ਰਾਹ ਉੱਤੇ ਚੱਲ ਰਹੀ ਹੈ। ਮਿਹਨਤੀ ਮਨੁੱਖ

ਕਦੇ ਵੀ ਖਰਦਾ ਨਹੀਂ । ਇਹ ਤਾਂ ਮਨੁੱਖ ਦੀ ਅਣਥੱਕ ਮਿਹਨਤ ਤੋਂ ਹੀ ਸਿੱਧ ਹੁੰਦਾ ਹੈ ਕਿ ਅਸੀਂ ਖੁਸ਼ਹਾਲ ਜੀਵਨ ਜਿਉਣ ਦੇ ਕਾਬਿਲ ਬਣ ਗਏ ਹਾਂ ।

i) ਸਾਡੇ ਜੀਵਨ ਦੀਆਂ ਲੋੜਾਂ ਵਿੱਚੋਂ ਮੁੱਖ ਲੋੜ ਕਿਹੜੀ ਹੈ?

(ੳ) ਆਰਾਮ (ਅ) ਮਿਹਨਤ- ਮਜ਼ਦੂਰੀ (ੲ) ਸੁਸਤੀ (ਸ) ਲੜਾਈ

ii ਮਿਹਨਤ ਕਰਨ ਨਾਲ ਮਨੁੱਖ ਨੂੰ ਮਾਨਸਿਕ ਤੌਰ ਤੇ ਕੀ ਮਿਲਦਾ ਹੈ ?

(ੳ) ਕਸ਼ਟ (ਅ) ਪਰੇਸ਼ਾਨੀ (ੲ) ਸੰਤੁਸ਼ਟ (ਸ) ਸਕੂਨ ਤੇ ਤਸੱਲੀ

iii ਮਿਹਨਤੀ ਮਨੁੱਖ ਨੂੰ ਆਪਣੇ ਅੰਦਰ ਕਿਸ ਦਾ ਅਹਿਸਾਸ ਹੁੰਦਾ ਹੈ ?

(ੳ) ਸਵੈ- ਨਿਰਭਰਤਾ (ਅ) ਚਿੰਤਾ (ੲ) ਡਰ (ਸ) ਬੇਚੈਨੀ

iv ਦਿਨ - ਰਾਤ ਪੜ੍ਹਾਈ ਕਰਨ ਵਾਲੇ ਬੱਚੇ ਪ੍ਰੀਖਿਆ ਵਿੱਚ ਕੀ ਆਉਂਦੇ ਹਨ ?

(ੳ) ਫੇਲ (ਅ) ਅੱਵਲ (ੲ) ਅਸਫਲ (ਸ) ਨਾਕਾਮਯਾਬ

v ਮਿਹਨਤ ਕਰਨ ਨਾਲ ਸਾਰੀ ਦੁਨੀਆਂ ਕਿਸ ਰਾਹ ਤੇ ਚੱਲ ਰਹੀ ਹੈ ?

(ੳ) ਬਰਬਾਦੀ (ਅ) ਤਬਾਹੀ (ੲ) ਤੱਰਕੀ (ਸ) ਠੱਗੀ

VI. ਅਣਥੱਕ ਮਿਹਨਤ ਕਰਨ ਨਾਲ ਅਸੀਂ ਕਿਸ ਤਰ੍ਹਾਂ ਦਾ ਜੀਵਨ ਬਤੀਤ ਕਰਨ ਦੇ ਕਾਬਿਲ ਬਣ ਗਏ ਹਾਂ ?

(ੳ) ਕੰਗਾਲ (ਅ) ਖੁਸ਼ਹਾਲ (ੲ) ਬੇਕਾਰ (ਸ) ਘਟੀਆ

2. ਹੇਠ ਲਿਖੀ ਕਾਵਿ-ਟੁਕੜੀ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਉਤਰਾਂ ਦੇ ਆਧਾਰ ਤੇ ਉੱਤਰ ਸ਼ੀਟ ਵਿੱਚ ਦਰਜ ਕਰੋ। 4x1=4

ਬਸੰਤ ਆਈ ਤਾਂ ਹਵਾ ਹੋਈ ਮਹਿਕ ਭਿੰਨੀ,
ਕੋਇਲ ਕੂਕ ਕੇ ਅੰਬਾਂ 'ਤੇ ਮਹਿਕ ਘੋਲੇ।
ਬੈਠੀ ਖੁਸ਼ੀ ਦੇ ਗੀਤ ਉਹ ਗਾਂਵਦੀ ਏ,
ਭਾਵੇਂ ਸਮਝੇ ਨਾ ਕੋਈ ਕੀ ਬੋਲ ਬੋਲੇ।
ਬੂਰ ਨਿਕਲ ਕੇ ਟਾਹਣੀਓਂ ਬਾਹਰ ਆਇਆ,
ਆਈਆਂ ਮੱਖੀਆਂ ਸ਼ਹਿਦ ਲੈ ਜਾਵਣੇ ਨੂੰ।
ਤਿਤਲੀ ਉੱਡਦੀ ਘੁੰਮ ਘੁੰਮ ਪਾਏ ਫੇਰਾਂ,
ਆਈ ਫੁੱਲਾਂ ਦੇ ਰੰਗ ਵਧਾਵਣੇ ਨੂੰ।

i. ਇਹਨਾਂ ਲਾਈਨਾਂ ਵਿੱਚ ਕਿਹੜੀ ਰੁੱਤ ਦੀ ਗੱਲ ਕੀਤੀ ਗਈ ਹੈ ?

ii. ਕੋਇਲ ਕੂਕ ਕੇ ਕਿਹੜੇ ਗੀਤ ਗਾਉਂਦੀ ਹੈ ?

iii. ਮੱਖੀਆਂ ਕੀ ਲੈ ਕੇ ਜਾਂਦੀਆਂ ਹਨ ?

iv. ਤਿਤਲੀ ਘੁੰਮ-ਘੁੰਮ ਕੇ ਕੀ ਪਾ ਰਹੀ ਹੈ ?

## ਭਾਗ-ਅ (ਵਿਆਕਰਨ)

3. ਸਮਾਸੀ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2x1=2

i. ਹੇਠ ਲਿਖੇ ਵਿਕਲਪਾਂ ਵਿੱਚੋਂ ਵਿਰੋਧੀ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ।

(ੳ) ਆਦਰ-ਸਤਿਕਾਰ (ਅ) ਸੱਚ-ਝੂਠ
(ੲ) ਉੱਚੀ-ਉੱਚੀ (ਸ) ਨਿੱਕ-ਸੁੱਕ

ii. ਹੇਠ ਲਿਖੇ ਵਿਕਲਪਾਂ ਵਿੱਚੋਂ ਕਿਹੜਾ ਸ਼ਬਦ ਸਮਾਸੀ ਨਹੀਂ ਹੈ ?
(ੳ) ਟੁੱਟ-ਭੱਜ (ਅ) ਹਨੇਰ-ਸਵੇਰ
(ੲ) ਪਰਲੋਕ (ਸ) ਗੰਗਾ-ਜਮਨਾ

iii. ਸਮਾਸੀ ਸ਼ਬਦ ਬਣਾਉਣ ਵੇਲੇ ਕਿਹੜਾ ਚਿੰਨ੍ਹ ਵਰਤਿਆ ਜਾਂਦਾ ਹੈ ?
(ੳ) ? (ਪ੍ਰਸ਼ਨ ਚਿੰਨ੍ਹ) (ਅ) ! (ਵਿਸਮਿਕ ਚਿੰਨ੍ਹ)
(ੲ) — (ਡੈਸ਼) (ਸ) - (ਜੋੜਨੀ)

2×1=2

4. ਬਹੁ-ਅਰਥਕ ਸ਼ਬਦ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ)

i. ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਹਾਲ' ਸ਼ਬਦ ਦਾ ਬਹੁ-ਅਰਥਕ ਹੈ ?
(ੳ) ਮਿਠਾਸ, ਸੋਟੀ (ਅ) ਸੂਰਤ, ਹਾਲਤ
(ੲ) ਵੱਡਾ ਕਮਰਾ, ਹਾਲਤ (ਸ) ਹਾਲਤ, ਢੰਗ

ii. ਹੇਠ ਲਿਖੇ ਅਨੁਸਾਰ ਕਿਹੜਾ ਸ਼ਬਦ 'ਟਿੱਕੀ' ਸ਼ਬਦ ਦਾ ਬਹੁ-ਅਰਥਕ ਨਹੀਂ ਹੈ ?
(ੳ) ਗਾਚੀ (ਅ) ਸੂਰਜ ਦੀ ਟਿੱਕੀ
(ੲ) ਨਿੱਕੀ ਰੋਟੀ (ਸ) ਟਿਕਣਾ

iii ਲੋਕ ਵਿਦੇਸ਼ਾਂ ਵਿੱਚ 'ਖੱਟੀ' ਕਰਨ ਦੇ ਇਰਾਦੇ ਨਾਲ਼ ਜਾਂਦੇ ਹਨ ਪਰ 'ਖੱਟੀ' ਪੱਗ ਬੰਨ੍ਹਣੀ ਭੁੱਲ ਜਾਂਦੇ ਹਨ। ਵਾਕ ਵਿੱਚ ਪਹਿਲੀ ਅਤੇ ਦੂਸਰੀ 'ਖੱਟੀ' ਸ਼ਬਦ ਦੇ ਕੀ ਅਰਥ ਹਨ?

(ੳ) ਕਮਾਈ, ਰੰਗ (ਅ) ਖਟਾਸ, ਫਲ

(ੲ) ਕਸੈਲਾ, ਫਿੱਕਾ (ਸ) ਮੋਟੀ, ਗਾੜ੍ਹ

5. ਕਿਰਿਆ - ਵਿਸ਼ੇਸ਼ਣ (ਪੁੱਛੇ ਗਏ ਅਨੁਸਾਰ ਤਿੰਨ ਪ੍ਰਸ਼ਨਾਂ ਵਿੱਚੋਂ ਕੋਈ ਦੋ ਹੱਲ ਕਰੋ) 2x1=2

(i) 'ਕੁੱਤਾ ਬਹੁਤ ਜ਼ੋਰ-ਜ਼ੋਰ ਦੀ ਭੌਂਕਦਾ ਹੈ।' ਇਸ ਵਾਕ ਵਿੱਚੋਂ ਕਿਰਿਆ - ਵਿਸ਼ੇਸ਼ਣ ਚੁਣੋ।

(ੳ) ਕੁੱਤਾ (ਅ) ਬਹੁਤ

(ੲ) ਜ਼ੋਰ- ਜ਼ੋਰ (ਸ) ਭੌਂਕਦਾ

(ii) ਹੇਠ ਲਿਖੇ ਵਿਕਲਪਾਂ ਵਿੱਚੋਂ ਸਹੀ ਕਿਰਿਆ-ਵਿਸ਼ੇਸ਼ਣ ਸ਼ਬਦ ਚੁਣੋ।

(ੳ) ਸਵੇਰ / ਦੁਪਹਿਰ / ਉੱਥੇ (ਅ) ਪੀਲਾ

(ੲ) ਦਾ / ਦੇ / ਦੀ (ਸ) ਆਹਾ

iii. ਹੇਠ ਲਿਖੇ ਵਿਕਲਪਾਂ ਵਿੱਚੋਂ ਕਾਰਨਵਾਚਕ ਕਿਰਿਆ- ਵਿਸ਼ੇਸ਼ਣ ਚੁਣੋ।

(ੳ) ਵਿੱਚ, ਉੱਪਰ (ਅ) ਨਹੀਂ, ਜੀ, ਹਾਂ ਜੀ

(ੲ) ਸੱਚ ਮੁਚ, ਠੀਕ (ਸ) ਕਿਉਂਕਿ, ਇਸ ਲਈ

| | | |
|---|---|---|
| 6. | ਅਗੇਤਰ - ਪਿਛੇਤਰ (ਪੁੱਛੇ ਗਏ ਅਨੁਸਾਰ ਹੱਲ ਕਰੋ) | 2×1=2 |
| i | ਹੇਠ ਲਿਖੇ ਅਨੁਸਾਰ ਕਿਸੇ ਇੱਕ ਅਗੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ।<br>ਬੇ, ਪਰ | |
| ii | ਹੇਠ ਲਿਖੇ ਅਨੁਸਾਰ ਕਿਸੇ ਇੱਕ ਪਿਛੇਤਰ ਨੂੰ ਵਰਤ ਕੇ ਦੋ-ਦੋ ਸ਼ਬਦ ਬਣਾਓ।<br>ਸ਼ਾਲਾ, ਗਾਰ | |
| 7. | ਹੇਠ ਲਿਖੇ ਮੁਹਾਵਰਿਆਂ ਵਿੱਚੋਂ ਕਿਸੇ ਚਾਰ ਨੂੰ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ।<br>ਖੂਨ ਸਫ਼ੈਦ ਹੋਣਾ, ਘੋੜੇ ਵੇਚ ਕੇ ਸੌਣਾ, ਕਾਇਆ ਪਲਟ ਜਾਣੀ, ਘਾਟ-ਘਾਟ ਦਾ ਪਾਣੀ ਪੀਣਾ, ਗੁੱਡੀ ਚੜ੍ਹਨੀ, ਚਰਨ ਧੋ ਕੇ ਪੀਣ | 4×1=4 |
| | ਭਾਗ - ੲ (ਪ੍ਰਭਾਵਸ਼ਾਲੀ ਲਿਖਣ ਕੌਸ਼ਲ) | |
| 8. | ਹੇਠ ਲਿਖਿਆਂ ਵਿੱਚੋਂ ਕਿਸੇ ਇੱਕ ਵਿਸ਼ੇ 'ਤੇ ਲਗਭਗ 200 ਸ਼ਬਦਾਂ ਵਿੱਚ ਲਿਖੋ। | 8 |
| 1. | ਅਰੋਗਤਾ<br>(ਜਾਣ-ਪਛਾਣ --- ਪਰਹੇਜ਼ ਅਤੇ ਸਾਧਨਾਂ ਦੀ ਲੋੜ, --- ਅਰੋਗਤਾ ਲਈ ਪ੍ਰਮੁੱਖ ਤਰੀਕੇ --- ਚੰਗੀ ਖੁਰਾਕ --- ਸਰੀਰਕ ਕਸਰਤ --- ਸਫ਼ਾਈ --- ਸਿੱਖਿਆ --) | |

(ii) ਮਨਿ ਜੀਤੈ ਜਗੁ ਜੀਤੁ

(ਜਾਣ-ਪਛਾਣ --- ਮਨ ਤੋਂ ਭਾਵ ਤੇ ਮਨ ਨੂੰ ਅਨੁਕੂਲ ਕਰਨਾ --- ਮਨ ਜਿੱਤਣ ਦੀ ਲੋੜ-- --- ਮਨ ਨੂੰ ਕਿਵੇਂ ਜਿੱਤਿਆ ਜਾਵੇ --- ਸਿੱਟਾ --)

(iii) ਨਸ਼ਾ ਇਕ ਲਾਹਨਤ

(ਜਾਣ-ਪਛਾਣ --- ਸੰਸਾਰ ਵਿੱਚ ਨਸ਼ਿਆਂ ਦਾ ਪਸਾਰ --- ਨਸ਼ਾ ਇੱਕ ਬਿਮਾਰੀ ---- ਨਸ਼ਿਆਂ ਦੀਆਂ ਕਿਸਮਾਂ --- ਨਸ਼ਿਆਂ ਦੇ ਨੁਕਸਾਨ --- ਨਸ਼ਿਆਂ ਤੋਂ ਬਚਾਅ ਲਈ ਸੁਝਾਅ --- ਸਿੱਟਾ)

9. ਕਿਸੇ ਇੱਕ ਵਿਸ਼ੇ ਤੇ ਪੱਤਰ ਲਿਖੋ। 6

ਭਾਰੀ ਮੀਂਹ ਪੈਣ ਕਾਰਨ ਤੁਹਾਡੇ ਇਲਾਕੇ ਵਿੱਚ ਬਹੁਤ ਸਾਰਾ ਪਾਣੀ ਇਕੱਠਾ ਹੋ ਗਿਆ ਹੈ ਜਿਸ ਨਾਲ ਕਈ ਤਰ੍ਹਾਂ ਦੀਆਂ ਬਿਮਾਰੀਆਂ ਫੈਲਣ ਦਾ ਡਰ ਹੈ। ਯੋਗ ਕਾਰਵਾਈ ਕਰਨ ਲਈ ਸਿਹਤ ਅਧਿਕਾਰੀ ਨੂੰ ਪੱਤਰ ਲਿਖੋ।


ਨੁਕਤੇ - ਭਾਰੀ ਮੀਂਹ ਨਾਲ ਤਬਾਹੀ --- ਪਾਣੀ ਦੀ ਨਿਕਾਸੀ ਠੀਕ ਨਹੀਂ --- ਇਕੱਠੇ ਹੋਏ ਪਾਣੀ ਕਾਰਨ ਕਈ ਤਰ੍ਹਾਂ ਦੀਆਂ ਬਿਮਾਰੀਆਂ --- ਯੋਗ ਕਾਰਵਾਈ ਦੀ ਉਮੀਦ --।

ਜਾਂ

ਤੁਹਾਡਾ ਛੋਟਾ ਭਰਾ ਕਿਤਾਬੀ ਕੀੜਾ ਹੈ, ਉਸ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕਰਨ ਲਈ ਪੱਤਰ ਲਿਖੋ।

ਨੁਕਤੇ - ਜਮਾਤ ਵਿੱਚ ਅੱਵਲ --- ਸਰੀਰਕ ਪੱਖੋਂ ਕਮਜ਼ੋਰ --- ਖੇਡਾਂ ਲਈ ਪ੍ਰੇਰਿਤ --- ਅਰੋਗ ਦਿਮਾਗ ਅਰੋਗ ਸਰੀਰ --- ਸਿਹਤ ਠੀਕ ਰਹਿਣ ਕਰਕੇ ਪੜ੍ਹਾਈ 'ਚ ਪ੍ਰਾਪਤੀ।

10. ਹੇਠ ਦਿੱਤੀ ਤਸਵੀਰ ਨੂੰ ਧਿਆਨ ਨਾਲ ਵੇਖ ਕੇ 50 ਸ਼ਬਦਾਂ ਵਿੱਚ ਵਰਣਨ ਕਰੋ। 4



ਨੋਟ: ਇਹ ਪ੍ਰਸ਼ਨ ਤਸਵੀਰ ਅਧਾਰਤ ਪ੍ਰਸ਼ਨ ਦੀ ਥਾਂ ਸਿਰਫ ਨੇਤਰਹੀਣ ਵਿਦਿਆਰਥੀਆਂ ਲਈ ਹੈ।

ਆਪਣੇ ਸਕੂਲ ਦੇ ਮੁਖੀ ਨੂੰ ਫੀਸ ਮੁਆਫ਼ੀ ਲਈ ਬੇਨਤੀ ਪੱਤਰ ਲਿਖੋ।

## ਭਾਗ- ਸ (ਪਾਠ ਪੁਸਤਕਾਂ 'ਤੇ ਅਧਾਰਤ ਪ੍ਰਸ਼ਨ)

11. ਕਹਾਣੀ ਤੇ ਵਾਰਤਕ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਹੱਲ ਕਰੋ) 5X1=5

i ਕਾਕੇ ਲਈ ਅਸਮਾਨ ਦੇ ਤਾਰੇ ਕੀ ਸਨ?

(ੳ) ਫੁੱਲ (ਅ) ਰੁਪਈਏ (ੲ) ਪੱਤੇ (ਸ) ਫਲ

ii. 'ਘਰ ਦਾ ਪਿਆਰ' ਕਿਸ ਦੀ ਰਚਨਾ ਹੈ?

(ੳ) ਸ: ਗੁਰਬਖ਼ਸ਼ ਸਿੰਘ (ਅ) ਕਪੂਰ ਸਿੰਘ
(ੲ) ਪ੍ਰਿੰ: ਤੇਜਾ ਸਿੰਘ (ਸ) ਸੰਤੋਖ ਸਿੰਘ ਧੀਰ

iii ਮਨੁੱਖੀ ਅਮੀਰੀ ਦਾ ਅੰਦਾਜ਼ਾ ਕਿਸ ਤੋਂ ਲਾਇਆ ਜਾ ਸਕਦਾ ਹੈ?

(ੳ) ਸਾਦਗੀ ਤੋਂ (ਅ) ਮਨੁੱਖ ਦੀ ਬੋਲੀ ਤੋਂ
(ੲ) ਸਦਾਚਾਰ ਤੋਂ (ਸ) ਵਿਰਾਸਤ ਤੋਂ

(IV) ਸ਼ਾਹ ਜੀ ਦਾ ਲੜਕਾ ਕਿੱਥੇ ਜਾ ਕੇ ਡਿੱਗਾ ਸੀ?

(ੳ) ਸੜਕ 'ਤੇ (ਅ) ਗਲੀ ਵਿੱਚ
(ੲ) ਨਾਲੀ ਵਿੱਚ (ਸ) ਖਾਈ ਵਿੱਚ

(V) ਵੱਡੇ - ਵੱਡੇ ਕੱਥਕੜਾਂ ਦਾ ਸੁਭਾਅ ਕਿਹੋ ਜਿਹਾ ਹੁੰਦਾ ਹੈ?

(ੳ) ਰੁੱਖਾਂ (ਅ) ਮਿੱਠਾ (ੲ) ਔਖਾ

(ਸ) ਨਰਮ

VI. ਅਮਰੀਕ ਸਿੰਘ ਆਪਣੀ ਅੱਧੀ ਤਨਖ਼ਾਹ ਕਿਸ ਨੂੰ ਦਿੰਦਾ ਸੀ ?

(ੳ) ਕੈਦ ਨੂੰ (ਅ) ਮਾਂ ਨੂੰ

(ੲ) ਪਿਤ ਨੂੰ (ਸ) ਦਾਦੀ ਨੂੰ

12. ਕਵਿਤਾ ਤੇ ਇਕਾਂਗੀ ਵਿੱਚੋਂ (ਪੁੱਛੇ ਗਏ ਅਨੁਸਾਰ ਛੇ ਪ੍ਰਸ਼ਨਾਂ ਵਿੱਚੋਂ ਕੋਈ ਪੰਜ ਕਰੋ) 5X1=5

(i) ਜਿਸ ਜੀਵ 'ਤੇ ਗੁਰੂ ਦਿਆਲੂ ਹੋਵੇ ਉਹ ਉਸ ਜੀਵ ਨੂੰ ਕਿਸ ਨਾਲ ਮਿਲਾਉਂਦਾ ਹੈ ?

(ੳ) ਆਤਮਾ ਨਾਲ (ਅ) ਗੁਰਮੁੱਖਾਂ ਨਾਲ

(ੲ) ਭਗਤਾਂ ਨਾਲ (ਸ) ਪਰਮਾਤਮਾ ਨਾਲ

ii ਕਾਮ ਬਖ਼ਸ਼ ਕੌਣ ਸੀ ?

(ੳ) ਸ਼ਾਹੀ ਹਕੀਮ ਦਾ ਪੁੱਤਰ

(ਅ) ਔਰੰਗਜ਼ੇਬ ਤੇ ਬੇਗਮ ਉਦੈਪੁਰੀ ਦਾ ਪੁੱਤਰ

(ੲ) ਜ਼ੀਨਤ ਦਾ ਪੁੱਤਰ

(ਸ) ਅਸਦ ਖ਼ਾਨ ਦਾ ਪੁੱਤਰ

III. 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਵਿੱਚ ਵਰਜ 'ਬੰਧਪੁ' ਸ਼ਬਦ ਦਾ ਕੀ ਅਰਥ ਹੈ?

(ੳ) ਮਾਤਾ (ਅ) ਪਿਤਾ (ੲ) ਰਿਸ਼ਤੇਦਾਰ

(ਸ) ਭਰਾ

IV. ਮਨੁੱਖ ਦੀ ਬਿਰਤੀ ਕਿਸ ਪ੍ਰਕਾਰ ਦੀ ਹੈ?

(ੳ) ਸਦਾਚਾਰੀ (ਅ) ਲੋਭੀ (ੲ) ਗੁਨਾਹਗਾਰ

(ਸ) ਭੁਲਣਹਾਰ

(V) 'ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ' ਇਹ ਕਾਵਿ ਸਤਰ ਕਿਸ ਦੀ ਰਚਨਾ ਹੈ?

(ੳ) ਗੁਰੂ ਅਮਰਦਾਸ ਜੀ (ਅ) ਗੁਰੂ ਨਾਨਕ ਦੇਵ ਜੀ

(ੲ) ਭਾਈ ਗੁਰਦਾਸ ਜੀ (ਸ) ਗੁਰੂ ਅਰਜਨ ਦੇਵ ਜੀ

VI) ਔਰੰਗਜ਼ੇਬ ਦੇ ਆਪਣੇ ਕਹਿਣ ਅਨੁਸਾਰ ਉਸ ਤੋਂ ਕਿਸ ਨਾਲ ਸਖ਼ਤ ਧੋਖਾ ਹੋਇਆ ਸੀ?

(ੳ) ਸ੍ਰੀ ਗੁਰੂ ਗੋਬਿੰਦ ਸਿੰਘ ਨਾਲ

(ਅ) ਅਸਦ ਖ਼ਾਨ ਨਾਲ

(ੲ) ਫੌਜਦਾਰ ਸੈਦ ਖ਼ਾਂ ਨਾਲ

(ਸ) ਕਾਮ ਬਖ਼ਸ਼ ਨਾਲ

13. ਕਹਾਣੀ ਤੇ ਵਾਰਤਕ (ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ ਇੱਕ-ਦੋ ਸ਼ਬਦਾਂ ਵਿੱਚ ਲਿਖੋ।) 4×1=4

i. ਕਹਾਣੀਕਾਰ ਅਨੁਸਾਰ ਪੈਸੇ ਦੀ ਤੰਗੀ ਕਿਸ ਤੋਂ ਵੀ ਭੈੜੀ ਹੁੰਦੀ ਹੈ?

ii ਕਰਤਾਰ ਸਿੰਘ ਕਿਸ ਦੇ ਸਿਰ ਤੇ ਐਸ਼ਪ੍ਰਸਤੀ ਕਰਦਾ ਸੀ?

iii ਅਸੀਂ ਫ਼ਰਜ਼ ਦੀ ਇੱਕ-ਇੱਕ ਮੌਤ ਕਾਹਦੇ ਵਿੱਚ ਵਟਾਉਂਦੇ ਹਾਂ?

iv ਸਮਾਜ ਅਤੇ ਦੇਸ਼ ਦਾ ਪਿਆਰ ਕਿੱਥੋਂ ਪੈਦਾ ਹੁੰਦਾ ਹੈ?

v ਧੂਤੇ ਅੱਗ ਉੱਚੀ-ਉੱਚੀ ਹੋਕਾ ਕੌਣ ਦੇ ਰਿਹਾ ਸੀ?

14. ਕਹਾਣੀ, ਵਾਰਤਕ ਅਤੇ ਇਕਾਂਗੀ ਵਿੱਚੋਂ (ਕਿਸੇ ਸੱਤ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿੱਚ ਲਿਖੋ। 7×2=14

(i) ਅਮਰੀਕ ਸਿੰਘ ਆਪਣੇ ਘਰਦਿਆਂ ਤੋਂ ਕਿਸ ਗੱਲ ਤੋਂ ਨਾਰਾਜ਼ ਸੀ?

(ii) ਕੁਲਫ਼ੀ ਵਾਲੇ ਦੀ ਅਵਾਜ਼ ਸੁਣ ਕੇ ਪੰਧਕ ਦੇ ਮਨ ਵਿੱਚ ਕੀ ਵਿਚਾਰ ਆਉਂਦੇ ਹਨ?

iv ਘਰ ਦੀ ਪਰਿਭਾਸ਼ਾ ਬਣਾਉਣ ਵਿੱਚ ਕਿਨ੍ਹਾਂ ਦਾ ਸਭ ਤੋਂ ਵੱਧ ਯੋਗਦਾਨ ਹੁੰਦਾ ਹੈ?

| | | |
|---|---|---|
| IV. | ਮੂੰਹ ਮਨੁੱਖ ਦੇ ਸਰੀਰ ਦਾ ਚਿੱਤਰ ਹੈ ਇਸ ਕਥਨ ਤੋਂ ਲੇਖਕ ਦਾ ਕੀ ਭਾਵ ਹੈ ? | |
| V | ਔਰੰਗਜ਼ੇਬ ਨੂੰ ਕਿਸ ਗੱਲ ਦਾ ਡਰ ਸੀ ? | |
| VI. | ਜਾਗੀਰ ਕੌਰ ਨੇ ਮਰਨ ਬਾਰੇ ਕਿਉਂ ਸੋਚਿਆ 'ਅੱਗ-ਸੱਗ' ਕਹਾਣੀ ਦੇ ਆਧਾਰ ਤੇ ਦੱਸੋ । | |
| VII | ਘਰ ਦਾ ਮਾਹੌਲ ਵਿਅਕਤੀ ਦੀ ਸ਼ਖਸੀਅਤ ਨੂੰ ਨਿਖਾਰਨ ਵਿੱਚ ਕੀ ਭੂਮਿਕਾ ਨਿਭਾਉਂਦਾ ਹੈ ? | |
| VIII | ਇਕਾਂਗੀ 'ਜ਼ਫ਼ਰਨਾਮਾ' ਦੇ ਆਰੰਭ ਵਿੱਚ ਔਰੰਗਜ਼ੇਬ ਦੀ ਕਿਹੋ ਜਿਹੀ ਸਥਿਤੀ/ ਦਸ਼ਾ ਦਰਸਾਈ ਗਈ ਹੈ ? | |
| 15. | ਕਵਿਤਾ ਤੇ ਵਾਰਤਕ ਵਿੱਚੋਂ (ਉੱਤਰ 50-60 ਸ਼ਬਦਾਂ ਵਿੱਚ ਲਿਖੋ) | 4x2=8 |
| 1. | 'ਤੂੰ ਮੇਰਾ ਪਿਤਾ ਤੂੰ ਹੈ ਮੇਰਾ ਮਾਤਾ' ਸ਼ਬਦ ਦਾ ਕੇਂਦਰੀ ਭਾਵ ਲਿਖੋ ।<br>ਜਾਂ<br>ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਮਹਾਨ ਕਿਉਂ ਕਿਹਾ ਹੈ ? | |

ii ਸਾਡੇ ਰੋਜ਼ਾਨਾ ਜੀਵਨ ਵਿੱਚ ਖੇਡਾਂ ਦਾ ਕੀ ਮਹੱਤਵ ਹੈ ?

ਜਾਂ

ਵੱਡੇ- ਵੱਡੇ ਉਪਦੇਸ਼ਕ ਅਤੇ ਲੇਖਕ ਮਹਾਂਪੁਰਖਾਂ ਦੇ ਜੀਵਨ ਨੂੰ ਪਰੋਗੀ ਪਿਆਰ ਤੋਂ ਸੱਖਣਾ ਦੱਸਦੇ ਹਨ । ਇਸ ਬਾਰੇ ਆਪਣੇ ਵਿਚਾਰ ਲਿਖੋ ।

4x1=4

16. ਇਕਾਂਗੀ ਵਿੱਚੋਂ (ਕਿਸੇ ਇੱਕ ਪ੍ਰਸ਼ਨ ਦਾ ਉੱਤਰ 50-60 ਸ਼ਬਦਾਂ ਵਿੱਚ ਦਿਓ )

ਅੰਤ ਸਮੇਂ ਵਿੱਚ ਔਰੰਗਜ਼ੇਬ ਕਿਉਂ ਦੁਖੀ ਸੀ ?

ਜਾਂ

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਜਾਣ ਕੇ ਜ਼ੀਨਤ ਔਰੰਗਜ਼ੇਬ ਨੂੰ ਕੀ ਕਹਿੰਦੀ ਹੈ ?